# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

## ਮਿੱਥਾਂ ਅਤੇ ਸੱਚ

ਲਿੰਗਕ ਰੁਚੀ ਅਤੇ ਲਿੰਗਕ ਪਛਾਣ (SOGI) ਇਕ ਵੱਖਰਾ ਪਾਠਕ੍ਰਮ ਨਹੀਂ ਹੈ। ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਸੋਜੀ (SOGI) ਦੀ ਵਿਦਿਆ ਵਿੱਚ ਪਛਾਣ ਅਤੇ ਸ਼ਮੂਲੀਅਤ ਸਮੇਤ ਕਈ ਤਰ੍ਹਾਂ ਦੇ ਵਿਸ਼ੇ ਸ਼ਾਮਲ ਹਨ। ਇਸ ਦਾ ਮਕਸਦ ਬੁਲੀਇੰਗ (ਧੱਕੇਸ਼ਾਹੀ) ਅਤੇ ਵਿਤਕਰੇ ਨੂੰ ਘਟਾਉਣਾ ਹੈ, ਅਤੇ ਇਹ ਕਾਮਕਤਾ (ਸੈਕਸੁਐਲਟੀ) ’ਤੇ ਕੇਂਦਰਿਤ **ਨਹੀਂ** ਹੈ।

ਸੋਜੀ ਪਛਾਣ (SOGI) ਦੇ ਸ਼ਮੂਲੀਅਤ ਵਾਲੇ ਵਸੀਲੇ ਸਾਡੇ ਸਕੂਲ ਡਿਸਟ੍ਰਿਕਟ ਦੇ ਟੀਚਰਾਂ ਵਲੋਂ ਨਸਲ, ਸਭਿਆਚਾਰ, ਧਰਮ, ਲਿੰਗਕ ਰੁਚੀ, ਅਤੇ ਲਿੰਗਕ ਪਛਾਣ ਵੱਲ ਧਿਆਨ ਦਿੱਤੇ ਬਿਨਾਂ ਸਾਡੀ ਕਮਿਊਨਿਟੀ ਦੇ ਹਰ ਮੈਂਬਰ ਬਾਰੇ ਸਮਝ ਅਤੇ ਪ੍ਰਵਾਨਗੀ ਦਾ ਸਮਰਥਨ ਕਰਨ ਲਈ ਵਰਤੇ ਜਾਂਦੇ ਕਈ ਸਾਧਨਾਂ ਵਿੱਚੋਂ ਇਕ ਸਾਧਨ ਹਨ।

ਲਿੰਗਕ ਰੁਚੀ ਅਤੇ ਲਿੰਗਕ ਪਛਾਣ ਨੂੰ ਬੀ ਸੀ ਦੀ ਹਿਊਮਨ ਰਾਈਟਸ ਕੋਡ, ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼ ਅਤੇ ਸੂਬਾਈ ਕਾਨੂੰਨ ਅਧੀਨ ਸੁਰੱਖਿਆ ਪ੍ਰਾਪਤ ਹੈ। ਸਰੀ ਸਕੂਲ ਡਿਸਟ੍ਰਿਕਟ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਾਡੇ ਡਿਸਟ੍ਰਿਕਟ ਦੇ ਹਰ ਕਲਾਸਰੂਮ ਦਾ ਮਾਹੌਲ ਦੋਸਤਾਨਾ ਹੋਵੇ ਅਤੇ ਸਾਰੇ ਵਿਦਿਆਰਥੀ ਇਹ ਮਹਿਸੂਸ ਕਰਨ ਕਿ ਉਹ ਸੁਰੱਖਿਅਤ ਹਨ ਅਤੇ ਉਹਨਾਂ ਨੂੰ ਸਮਰਥਨ ਮਿਲ ਰਿਹਾ ਹੈ।

ਸਾਡੀ ਵਚਨਬੱਧਤਾ ਉਸ ਸਮੇਂ ਟੀਚਰਾਂ ਅਤੇ ਸਕੂਲਾਂ ਨੂੰ ਪੂਰਾ ਸਮਰਥਨ ਦੇਣ ਤੱਕ ਜਾਂਦੀ ਹੈ ਜਦੋਂ ਉਹ ਲਿੰਗਕ ਰੁਚੀ ਅਤੇ ਲਿੰਗਕ ਪਛਾਣ ਵਿੱਚ ਵੰਨ-ਸੁਵੰਨਤਾ ਬਾਰੇ ਉਮਰ ਮੁਤਾਬਕ ਢੁਕਵੇਂ ਹਵਾਲਿਆਂ ਨੂੰ ਸ਼ਾਮਲ ਕਰ ਰਹੇ ਹਨ। ਇਹ ਪਹੁੰਚ 2 ਐੱਸ ਐੱਲ ਜੀ ਬੀ ਟੀ ਕਿਊ+ ਵਜੋਂ ਪਛਾਣ ਦੱਸਣ ਵਾਲੇ ਵਿਦਿਆਰਥੀਆਂ ਅਤੇ ਕਮਿਊਨਿਟੀ ਦੇ ਮੈਂਬਰਾਂ ਵਿਰੁੱਧ ਹਿੰਸਾ ਅਤੇ ਵਿਤਕਰੇ ਦੀਆਂ ਘਟਨਾਵਾਂ ਨੂੰ ਘੱਟ ਕਰਨ ਲਈ ਕੰਮ ਕਰਦੇ ਸਮੇਂ ਸਹਿਣਸ਼ੀਲਤਾ, ਮਾਨ ਅਤੇ ਸਤਿਕਾਰ ਨੂੰ ਬੜਾਵਾ ਦਿੰਦੀ ਹੈ।

**ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਕੀ ਹੈ ਅਤੇ ਇਹ ਸਾਡੇ ਸਕੂਲਾਂ ਵਿੱਚ ਕਿਸ ਤਰ੍ਹਾਂ ਦਿਖਾਈ ਦਿੰਦੀ ਹੈ, ਇਸ ਬਾਰੇ ਅਕਸਰ ਕਈ ਗਲਤਫਹਿਮੀਆਂ ਹਨ। ਸੋਜੀ (SOGI)-ਦੀ ਸ਼ਮੂਲੀਅਤ ਵਾਲੀ ਵਿਦਿਆ ਬਾਰੇ ਕੁੱਝ ਆਮ ਮਿੱਥਾਂ ਅਤੇ ਉਹਨਾਂ ਨਾਲ ਸੰਬੰਧਿਤ ਸੱਚ ਇਸ ਪ੍ਰਕਾਰ ਹਨ:**

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਇਕ ਖਾਸ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਦਾ ਸਮਰਥਨ ਕਰਦੀ ਹੈ।

**ਸੱਚ:** ਸੋਜੀ (SOGI) - ਦੀ ਸ਼ਮੂਲੀਅਤ ਵਾਲੀ ਵਿਦਿਆ ਕਿਸੇ ਖਾਸ ਪਛਾਣ ਜਾਂ ਰੁਚੀ ਦਾ ਸਮਰਥਨ ਨਹੀਂ ਕਰਦੀ, ਅਤੇ ਵਿਦਿਆਰਥੀਆਂ ਦੀ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਵੱਲ ਧਿਆਨ ਦਿੱਤੇ ਬਿਨਾਂ ਸਾਰੇ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਸਭ ਦੀ ਸ਼ਮੂਲੀਅਤ ਵਾਲਾ ਮਾਹੌਲ ਤਿਆਰ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਦਾ ਮਕਸਦ ਕਲਾਸਰੂਮ ਵਿੱਚ ਵਰਤੇ ਜਾਣ ਵਾਲੇ ਵਸੀਲਿਆਂ ਵਿੱਚ ਹਰ ਤਰ੍ਹਾਂ ਦੇ ਲੋਕਾਂ ਦਾ ਅਕਸ ਦਿਖਾ ਕੇ ਅਤੇ 2 ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਵਿਅਕਤੀਆਂ ਦੇ ਤਜਰਬਿਆਂ ਅਤੇ ਉਹਨਾਂ ਸਾਹਮਣੇ ਆਉਂਦੀਆਂ ਚੁਣੌਤੀਆਂ ਬਾਰੇ ਜਾਗਰੂਕਤਾ ਪੈਦਾ ਕਰਕੇ ਵਿਤਕਰੇ ਦਾ ਟਾਕਰਾ ਕਰਨਾ ਹੈ।

# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੇ ਵਸੀਲੇ ਅਢੁਕਵੇਂ ਹਨ ਅਤੇ ਉਹਨਾਂ ਵਿੱਚ ਅਸ਼ਲੀਲ ਸਮੱਗਰੀ ਹੈ।

**ਸੱਚ:** ਸਾਡੇ ਸਕੂਲਾਂ ਵਿੱਚ ਪੜ੍ਹਾਏ ਜਾਂਦੇ ਕਿਸੇ ਵੀ ਪਾਠਕ੍ਰਮ ਵਿੱਚ ਕਾਮ ਉਕਸਾਊ ਜਾਂ ਅਸ਼ਲੀਲ ਸਮੱਗਰੀ **ਨਹੀਂ** ਹੈ। ਸੋਜੀ (SOGI) - ਦੀ ਸ਼ਮੂਲੀਅਤ ਵਾਲੀ ਵਿਦਿਆ ਅਤੇ ਵਸੀਲਿਆਂ ਵਿੱਚ ਵੰਨ-ਸੁਵੰਨੀਆਂ ਪਛਾਣਾਂ, ਪਰਿਵਾਰਾਂ ਵਿੱਚ ਵੰਨ-ਸੁਵੰਨਤਾ, ਪੂਰਵਧਾਰਨਾਵਾਂ (ਸਟੀਰੀਓਟਾਇਪਸ), ਬੁਲੀਇੰਗ (ਧੱਕੇਸ਼ਾਹੀ) ਅਤੇ ਨਾਂ-ਕੁਨਾਂ ਪਾਉਣ ਵਰਗੇ ਵਿਸ਼ਿਆਂ ਬਾਰੇ ਗੱਲ ਕੀਤੀ ਗਈ ਹੈ। ਇਹ ਵਸੀਲੇ ਟੀਚਰਾਂ ਦੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਸਮਾਜਕ ਵਿਗਿਆਨ, ਅੰਗ੍ਰੇਜ਼ੀ ਅਤੇ ਆਰਟ ਦੀ ਪੜ੍ਹਾਈ ਸਮੇਤ ਕਿਸੇ ਵੀ ਵਿਸ਼ੇ ਦੀ ਪੜ੍ਹਾਈ ਕਰਾਉਣ ਸਮੇਂ ਹਰ ਕੋਈ ਸ਼ਾਮਲ ਮਹਿਸੂਸ ਕਰੇ।

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਮਾਪਿਆਂ ਦੇ ਹੱਕਾਂ ਦੀ ਉਲੰਘਣਾ ਕਰਦੀ ਹੈ।

**ਸੱਚ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਦਾ ਮਕਸਦ ਸਹਿਣਸ਼ੀਲਤਾ, ਸਤਿਕਾਰ, ਅਤੇ ਸਾਰੇ ਲੋਕਾਂ ਨੂੰ ਪ੍ਰਵਾਨ ਕਰਨ ਦੀਆਂ ਜ਼ਰੂਰੀ ਕਦਰਾਂ ਕੀਮਤਾਂ ਨੂੰ ਸਿਖਾਉਣ ਲਈ ਮਾਪਿਆਂ ਵੱਲੋਂ ਕੀਤੇ ਜਾਂਦੇ ਯਤਨਾਂ ਵਿੱਚ ਸਹਾਈ ਹੋਣਾ ਹੈ। ਇਹ ਮਾਪਿਆਂ ਦੇ ਹੱਕਾਂ ਨੂੰ ਕਮਜ਼ੋਰ ਨਹੀਂ ਕਰਦੀ ਸਗੋਂ ਵੰਨ-ਸੁਵੰਨਤਾ ਅਤੇ ਸਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸ਼ਮੂਲੀਅਤ ਲਈ ਜ਼ਿਆਦਾ ਸਮਝ ਬਣਾਉਣ ਵਿੱਚ ਯੋਗਦਾਨ ਪਾਉਂਦੀ ਹੈ।

**ਮਿੱਥ:** ਸੋਜੀ (SOGI)-ਦੀ ਸ਼ਮੂਲੀਅਤ ਵਾਲੀ ਵਿਦਿਆ ਅਤੇ ਲਿੰਗਕ ਸਿਹਤ ਵਾਲੀ ਵਿਦਿਆ (ਸੈਕਸੁਅਲ ਹੈਲਥ ਐਜੂਕੇਸ਼ਨ) ਇਕ ਹੀ ਗੱਲ ਹੈ।

**ਸੱਚ:** ਸੋਜੀ (SOGI) ਵਿਲੱਖਣ ਹੈ ਅਤੇ ਲਿੰਗਕ ਸਿਹਤ (ਸੈਕਸੁਅਲ ਹੈਲਥ) ਵਾਲੀ ਵਿਦਿਆ ਤੋਂ ਵੱਖਰਾ ਵਿਸ਼ਾ ਹੈ। ਸੋਜੀ (SOGI) - ਦੀ ਸ਼ਮੂਲੀਅਤ ਵਾਲੀ ਵਿਦਿਆ ਸਮਝ, ਸ਼ਮੂਲੀਅਤ ਅਤੇ ਸਾਰੇ ਵਿਦਿਆਰਥੀਆਂ ਦੇ ਸਮਰਥਨ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੀ ਗਈ ਹੈ ਅਤੇ ਇਸ ਵਿੱਚ ਪਛਾਣ, ਆਦਰ ਅਤੇ ਜੁੜੇ ਹੋਣ ਦੀ ਭਾਵਨਾ (ਬਿਲੌਂਗਿੰਗ) ਸਮੇਤ ਕਈ ਤਰ੍ਹਾਂ ਦੇ ਵਿਸ਼ੇ ਹਨ। ਦੂਸਰੇ ਪਾਸੇ, ਲਿੰਗਕ ਸਿਹਤ ਵਾਲੀ ਵਿਦਿਆ ਬੀ ਸੀ ਦੀ ਸਰੀਰਕ ਅਤੇ ਸਿਹਤ ਨਾਲ ਸੰਬੰਧਿਤ ਵਿਦਿਆ ਦੇ ਪਾਠਕ੍ਰਮ ਦਾ ਹਿੱਸਾ ਹੈ ਅਤੇ ਜੀਵ-ਵਿਗਿਆਨਕ, ਸਰੀਰਕ ਕਿਰਿਆਵਾਂ ਅਤੇ ਮਨੁੱਖੀ ਕਾਮਕਤਾ ਨਾਲ ਜੁੜੇ ਜਣਨ ਦੇ ਪੱਖਾਂ 'ਤੇ ਕੇਂਦਰਿਤ ਹੈ। ਲਿੰਗਕ ਸਿਹਤ ਨਾਲ ਸੰਬੰਧਿਤ ਵਿਦਿਆ ਵੱਖਰੇ ਰੂਪ ਵਿੱਚ ਪੜ੍ਹਾਈ ਜਾਂਦੀ ਹੈ ਅਤੇ ਉਹ ਖਾਸ ਸੇਧਾਂ ਦੀ ਪਾਲਣਾ ਕਰਦੀ ਹੈ। ਮਾਪੇ ਜਾਂ ਗਾਰਡੀਅਨ ਆਪਣੇ ਸਕੂਲ ਨਾਲ ਸਲਾਹ ਕਰਕੇ, ਗ੍ਰੇਡ 10 ਦੇ ਵਿਦਿਆਰਥੀਆਂ ਲਈ ਸਰੀਰਕ ਅਤੇ ਸਿਹਤ ਨਾਲ ਸੰਬੰਧਿਤ ਪਾਠਕ੍ਰਮ ਵਿਚਲੇ ਕੁੱਝ ਵਿਸ਼ਿਆਂ ਨੂੰ ਪੜ੍ਹਾਉਣ ਲਈ ਵੱਖਰੇ ਢੰਗਾਂ ਦਾ ਪ੍ਰਬੰਧ ਕਰ ਸਕਦੇ ਹਨ।

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਵਿਦਿਆਰਥੀਆਂ ਨੂੰ 2ਐੱਸ ਐੱਲ ਜੀ ਬੀ ਟੀ ਕਿਊ+ ਲੋਕਾਂ ਵਿੱਚ "ਸ਼ਾਮਲ ਕਰਨ" ਬਾਰੇ ਹੈ।

**ਸੱਚ:** ਇਹ ਆਧਾਰ ਰਹਿਤ ਮਿੱਥ ਹੈ। ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਦਾ ਮਕਸਦ 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਲੋਕਾਂ ਲਈ ਸਮਝ, ਪ੍ਰਵਾਨਗੀ, ਅਤੇ ਸ਼ਮੂਲੀਅਤ ਪੈਦਾ ਕਰਨਾ ਹੈ। ਇਸ ਦਾ ਇਰਾਦਾ ਵਿਦਿਆਰਥੀਆਂ ਦੀ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਨੂੰ ਪ੍ਰਭਾਵਿਤ ਕਰਨਾ ਨਹੀਂ ਹੈ। ਟੀਚਰ ਵਿਦਿਆਰਥੀਆਂ ਦੀਆਂ ਵਿਲੱਖਣ ਅਤੇ ਵਿਅਕਤੀਗਤ ਪਛਾਣਾਂ ਦਾ ਪੂਰਾ ਸਤਿਕਾਰ ਅਤੇ ਕਦਰ ਕਰਦੇ ਹਨ, ਅਤੇ ਕਲਾਸਰੂਮ ਵਿੱਚ ਸ਼ਮੂਲੀਅਤ ਵਾਲਾ ਮਾਹੌਲ ਪੈਦਾ ਕਰਨ ਲਈ ਸਖਤ ਯਤਨ ਕਰਦੇ ਹਨ।

# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਵਿਦਿਆਰਥੀਆਂ ਲਈ ਅਢੁਕਵੀਂ ਹੈ।

**ਸੱਚ:** ਸਾਰੇ ਵਿਦਿਆਰਥੀ ਆਦਰ, ਹਮਦਰਦੀ, ਅਤੇ ਵੰਨ-ਸੁਵੰਨਤਾ ਵਰਗੇ ਵਿਸ਼ਿਆਂ ਬਾਰੇ ਸਿੱਖਦੇ ਹਨ, ਜਦੋਂ ਕਿ ਵਿਤਕਰੇ ਅਤੇ ਬੇਇਨਸਾਫੀ ਵਰਗੇ ਗੁੰਝਲਦਾਰ ਵਿਸ਼ਿਆਂ ਬਾਰੇ ਵਿਕਾਸ ਅਤੇ ਉਮਰ ਮੁਤਾਬਕ ਢੁਕਵੇਂ ਢੰਗ ਨਾਲ ਸਿੱਖਿਆ ਜਾ ਸਕਦਾ ਹੈ। ਸੋਜੀ (SOGI) - ਦੀ ਸ਼ਮੂਲੀਅਤ ਵਾਲੇ ਵਸੀਲੇ ਵੰਨ-ਸੁਵੰਨਤਾ, ਪ੍ਰਵਾਨਗੀ ਅਤੇ ਜੁੜੇ ਹੋਣ ਦੀ ਭਾਵਨਾ ਵਰਗੇ ਮੁਢਲੇ ਮਨੁੱਖੀ ਆਦਰਸ਼ਾਂ ਬਾਰੇ ਗੱਲ ਕਰਨ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਸੋਜੀ (SOGI)- ਦੀ ਸ਼ਮੂਲੀਅਤ ਵਾਲੀ ਵਿਦਿਆ ਹਰ ਬੱਚੇ ਲਈ ਜ਼ਰੂਰੀ ਹੈ।

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਪੜ੍ਹਾਈ ਵਿੱਚ ਨਵੀਂ ਜੋੜੀ ਗਈ ਹੈ ਅਤੇ ਵਿਵਾਦੀ ਹੈ।

**ਸੱਚ:** ਵੰਨਸੁਵੰਨੇ ਸਭਿਆਚਾਰਾਂ ਅਤੇ ਨਸਲਾਂ ਦੀ ਸ਼ਮੂਲੀਅਤ ਵਾਂਗ ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਦਹਾਕਿਆਂ ਤੋਂ ਸਾਡੇ ਸਕੂਲਾਂ ਵਿੱਚ ਵੰਨੁਸਵੰਨਤਾ ਅਤੇ ਸਾਰਿਆਂ ਦੀ ਸ਼ਮੂਲੀਅਤ ਦੇ ਵਿਆਪਕ ਟੀਚੇ ਦਾ ਹਿੱਸਾ ਹੈ। ਭਾਵੇਂ ਸੋਜੀ (SOGI) ਉੱਤੇ ਇਸ ਸਮੇਂ ਵੱਧ ਧਿਆਨ ਦਿੱਤਾ ਗਿਆ ਹੈ, ਪਰ ਇਹ ਕੋਈ ਨਵਾਂ ਸੰਕਲਪ ਨਹੀਂ ਹੈ ਅਤੇ ਇਸ ਨੂੰ ਕਈ ਵਿਦਿਅਕ ਸੰਸਥਾਂਵਾਂ, ਸਕੂਲ ਡਿਸਟ੍ਰਿਕਟਾਂ ਅਤੇ ਬੱਚਿਆਂ ਦੇ ਵਿਕਾਸ ਅਤੇ ਸਿਹਤ ਨਾਲ ਸੰਬੰਧਿਤ ਮਾਹਰਾਂ ਦਾ ਸਮਰਥਨ ਹਾਸਲ ਹੈ। ਇਸ ਦੇ ਨਾਲ ਹੀ ਲਿੰਗਕ ਰੁਚੀ ਅਤੇ ਲਿੰਗਕ ਪਛਾਣ ਨੂੰ ਬੀ ਸੀ ਹਿਊਮਨ ਰਾਈਟਸ ਕੋਡ, ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼ ਅਤੇ ਸੁਬਾਈ ਕਾਨੂੰਨ ਅਧੀਨ ਸੁਰੱਖਿਆ ਪ੍ਰਾਪਤ ਹੈ।

**ਮਿੱਥ:** ਸੋਜੀ (SOGI) -ਦੀ ਸ਼ਮੂਲੀਅਤ ਵਾਲੀ ਵਿਦਿਆ ਦੀ ਲੋੜ ਨਹੀਂ ਹੈ ਕਿਉਂਕਿ ਇਹ ਮਸਲੇ ਸਾਰੇ ਵਿਦਿਆਰਥੀਆਂ ਲਈ ਪ੍ਰਸੰਗਕ ਨਹੀਂ ਹਨ।

**ਸੱਚ:** ਇਹ ਮਸਲੇ ਸਾਰੇ ਵਿਦਿਆਰਥੀਆਂ ਲਈ ਪ੍ਰਸੰਗਕ ਹਨ। ਸੋਜੀ (SOGI) - ਦੀ ਸ਼ਮੂਲੀਅਤ ਵਾਲੀ ਵਿਦਿਆ ਦਾ ਮਕਸਦ ਸਾਰਿਆਂ ਦੀ ਸ਼ਮੂਲੀਅਤ ਅਤੇ ਆਦਰ ਨੂੰ ਉਤਸ਼ਾਹ ਦੇਣਾ, ਵਿਤਕਰੇ ਅਤੇ ਬੁਲੀਇੰਗ (ਧੱਕੇਸ਼ਾਹੀ) ਦੇ ਮਸਲਿਆਂ ਨਾਲ ਨਜਿੱਠਣਾ ਅਤੇ ਸਾਰੇ ਵਿਦਿਆਰਥੀਆਂ ਵਿਚਕਾਰ ਸਮਝ ਅਤੇ ਹਮਦਰਦੀ ਪੈਦਾ ਕਰਨਾ ਹੈ। ਇਸ ਤੋਂ ਅਗਾਂਹ, 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਵਿਦਿਆਰਥੀ ਸਾਡੇ ਸਕੂਲ ਭਾਈਚਾਰਿਆਂ ਦੇ ਮੈਂਬਰ ਹਨ ਅਤੇ ਅਕਸਰ ਆਪਣੀ ਪਛਾਣ ਨਾਲ ਸੰਬੰਧਿਤ ਵਿਲੱਖਣ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ।

ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਸਾਰਿਆਂ ਦੀ ਸ਼ਮੂਲੀਅਤ ਵਾਲੇ ਕਲਾਸਰੂਮਾਂ ਅਤੇ ਸੋਜੀ (SOGI) ਨਾਲ ਸੰਬੰਧਿਤ ਬੁਲੀਇੰਗ (ਧੱਕੇਸ਼ਾਹੀ) ਬਾਰੇ ਨੀਤੀਆਂ ਸਕੂਲ ਦੇ ਵਾਤਾਵਰਨ ਵਿੱਚ ਸੁਧਾਰ ਕਰਦੀਆਂ ਹਨ ਅਤੇ **ਸਾਰੇ** ਵਿਦਿਆਰਥੀ ਵਿੱਚ ਵਿਤਕਰੇ, ਡਿਪ੍ਰੈਸ਼ਨ, ਐਂਗਜ਼ਾਇਟੀ, ਨਸ਼ਿਆਂ ਦੀ ਵਰਤੋਂ, ਆਤਮਹੱਤਿਆਵਾਂ ਬਾਰੇ ਵਿਚਾਰਾਂ, ਅਤੇ ਆਤਮਹੱਤਿਆਵਾਂ ਨੂੰ ਘਟਾਉਂਦੀਆਂ ਹਨ। ਸੋਜੀ (SOGI) ਨਾਲ ਸੰਬੰਧਿਤ ਵਸੀਲੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਸਕੂਲ ਹਰ ਵਿਅਕਤੀ ਲਈ ਸਵਾਗਤ ਭਰਪੂਰ ਥਾਂਵਾਂ ਹੋਣ ਅਤੇ ਟੀਚਰਾਂ ਨੂੰ ਸੁਰੱਖਿਅਤ ਅਤੇ ਉਮਰ ਮੁਤਾਬਕ ਢੁਕਵੇਂ ਢੰਗ ਨਾਲ ਮਹੱਤਵਪੂਰਨ ਵਿਸ਼ਿਆਂ ਨੂੰ ਸੰਬੋਧਨ ਹੋਣ ਦੀ ਆਗਿਆ ਦਿੰਦੇ ਹਨ।

# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

**ਮਿੱਥ:** ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਅਜਿਹੀਆਂ ਕਿਤਾਬਾਂ ਹਨ ਜੋ ਬੱਚਿਆਂ ਲਈ ਸੁਰੱਖਿਅਤ ਨਹੀਂ ਹਨ।

**ਸੱਚ:** ਸਕੂਲਾਂ ਦੀਆਂ ਲਾਇਬ੍ਰੇਰੀਆਂ ਅਤੇ ਸਿੱਖਣ ਦੀਆਂ ਸਾਂਝੀਆਂ ਥਾਂਵਾਂ ਬੱਚਿਆਂ ਅਤੇ ਜਵਾਨਾਂ ਲਈ ਸੁਰੱਖਿਅਤ ਥਾਂਵਾਂ ਹਨ। ਸਾਡੇ ਸਕੂਲ ਡਿਸਟ੍ਰਿਕਟ ਦੀ ਵਿਆਪਕ ਨੀਤੀ ਹੈ ਜਿਹੜੀ ਟੀਚਰ ਲਾਇਬ੍ਰੇਰੀਅਨਾਂ ਨੂੰ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਚੁਣਨ ਸਮੇਂ ਸੇਧ ਦਿੰਦੀ ਹੈ। ਇਸ ਨੀਤੀ ਵਿੱਚ ਖਾਸ ਕਸਵੱਟੀਆਂ ਹਨ ਜਿਹਨਾਂ ਵੱਲ ਐਲੀਮੈਂਟਰੀ ਅਤੇ ਸੈਕੰਡਰੀ ਲਾਇਬ੍ਰੇਰੀਅਨਾਂ ਲਈ ਧਿਆਨ ਦੇਣਾ ਜ਼ਰੂਰੀ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਚੁਣੀਆਂ ਗਈਆਂ ਕਿਤਾਬਾਂ ਉਮਰ ਮੁਤਾਬਕ ਢੁਕਵੀਂਆਂ ਹੋਣ ਅਤੇ 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਵਿਦਿਆਰਥੀਆਂ ਅਤੇ ਪਰਿਵਾਰਾਂ ਸਮੇਤ ਸਾਡੀ ਵੰਨ-ਸੁਵੰਨੀ ਕਮਿਊਨਿਟੀ ਦਾ ਅਕਸ ਦਿਖਾਉਣ।

ਸਾਡੇ ਸੈਕੰਡਰੀ ਸਕੂਲਾਂ ਵਿੱਚ, ਕਈ ਤਰ੍ਹਾਂ ਦੀਆਂ ਕਿਤਾਬਾਂ ਉਪਲਬਧ ਹਨ ਜਿਹੜੀਆਂ ਵੰਨ-ਸੁਵੰਨੇ, ਅਤੇ ਕਈ ਵਾਰੀ, ਬਾਲਗ ਵਿਸ਼ਿਆਂ ਨਾਲ ਸੰਬੰਧਿਤ ਹਨ। ਸਕੂਲਾਂ ਦੀਆਂ ਲਾਇਬ੍ਰੇਰੀਆਂ ਇਕ ਕੰਟਰੋਲ ਹੇਠਲਾ ਮਾਹੌਲ ਪ੍ਰਦਾਨ ਕਰਦੀਆਂ ਹਨ ਜਿੱਥੇ ਵਿਦਿਆਰਥੀ ਇਹਨਾਂ ਵਿਸ਼ਿਆਂ ਬਾਰੇ ਸੁਰੱਖਿਅਤ ਅਤੇ ਢਾਂਚਾਗਤ ਢੰਗ ਨਾਲ ਜਾਣਕਾਰੀ ਲੈ ਸਕਦੇ ਹਨ। ਵੰਨ-ਸੁਵੰਨੇ ਅਤੇ ਬਾਲਗ ਵਿਸ਼ਿਆਂ ਨਾਲ ਸੰਬੰਧਿਤ ਵਸੀਲਿਆਂ ਤੱਕ ਪਹੁੰਚ ਹੋਣਾ ਵੱਡੀ ਉਮਰ ਦੇ ਵਿਦਿਆਰਥੀਆਂ ਲਈ ਜ਼ਰੂਰੀ ਹੈ, ਜੋ ਇੰਟਰਨੈੱਟ ਉਤਲੇ ਸੰਭਾਵੀ ਤੌਰ 'ਤੇ ਵਿਸ਼ਵਾਸ ਨਾ ਕਰਨਯੋਗ ਜਾਂ ਨੁਕਸਾਨਦਾਇਕ ਸ੍ਰੋਤਾਂ 'ਤੇ ਨਿਰਭਰਤਾ ਖਤਮ ਕਰਦੀ ਹੈ। ਇਸ ਤੋਂ ਬਿਨਾਂ, ਇਹ ਇਸ ਗੱਲ ਦੀ ਗਰੰਟੀ ਕਰਦੀ ਹੈ ਕਿ ਜੇ ਮਦਦ ਦੀ ਲੋੜ ਹੋਵੇ ਤਾਂ ਮਦਦ ਕਰਨ ਲਈ ਉੱਥੇ ਇਕ ਭਰੋਸੇਯੋਗ ਬਾਲਗ ਮੌਜੂਦ ਹੋਵੇ।

ਜੇ ਆਪਣੇ ਬੱਚੇ ਦੀ ਵਿਦਿਆ ਬਾਰੇ ਤੁਹਾਡਾ ਕੋਈ ਵੀ ਸਵਾਲ ਹੋਵੇ, ਤਾਂ ਕਿਰਪਾ ਕਰ ਕੇ ਆਪਣੇ ਸਕੂਲ ਨਾਲ ਗੱਲ ਕਰੋ। ਅਸੀਂ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨਾਲ ਖੁੱਲ੍ਹੀ ਗੱਲਬਾਤ ਦੀ ਕਦਰ ਕਰਦੇ ਹਾਂ ਅਤੇ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਦੇ ਹਾਂ ਅਤੇ ਇਹ ਗੱਲ ਯਕੀਨੀ ਬਣਾਉਣ ਲਈ ਸਖਤ ਕੰਮ ਕਰਦੇ ਹਾਂ ਕਿ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਕੋਲ ਪੂਰੀ ਜਾਣਕਾਰੀ ਹੋਵੇ ਅਤੇ ਉਹ ਆਪਣੇ ਬੱਚੇ ਦੇ ਵਿਦਿਅਕ ਸਫਰ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ।

**ਅਸੀਂ ਮਿਲ ਕੇ ਵਧੇਰੇ ਸਮਝ, ਸਾਰਿਆਂ ਦੀ ਸ਼ਮੂਲੀਅਤ ਅਤੇ ਪ੍ਰਵਾਨਗੀ ਵਾਲੀ ਕਮਿਊਨਿਟੀ ਬਣਾ ਸਕਦੇ ਹਾਂ।**